# ਸਿਉਂਕ

(ਮੰਚ 'ਤੇ ਇਕ ਗੋਲ ਸਟੂਲ ਹੈ। ਨਾਟਕ ਸ਼ੁਰੂ ਹੋਣ 'ਤੇ ਤੂਤੀ ਵਾਲਾ ਮੰਚ 'ਤੇ ਆਉਂਦਾ ਹੈ। ਇਹ ਸਰਕਾਰ ਵਿਚ ਜੋਕਰਾਂ ਵਾਂਗ ਸੱਜਿਆ ਹੈ। ਆਪਣੀ ਚਾਲ ਦੇ ਨਾਲ-ਨਾਲ ਉਹ ਲੈਅ ਵਿਚ ਤੂਤੀ ਵਜਾਉਂਦਾ ਆਉਂਦਾ ਹੈ ਅਤੇ ਗੋਲ ਸਟੂਲ 'ਤੇ ਆ ਕੇ ਖਲੋ ਜਾਂਦਾ ਹੈ।)

ਤੂਤੀ ਵਾਲਾ : ਅਖ਼ਬਾਰ ਦੀ ਖ਼ਬਰ... ..

ਇਕ : (ਇਕ ਪਾਸੇ ਤੋਂ ਮੰਚ 'ਤੇ ਆਉਂਦਾ ਹੈ) ਸਰਕਾਰੀ ਗੁਦਾਮਾਂ ਵਿਚ ਪਈ ਕਣਕ ਨੂੰ ਘੁਣ ਲੱਗ ਗਿਆ ਹੈ। ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉੱਚ-ਪੱਧਰੀ ਤਫ਼ਤੀਸ਼ ਦਾ ਹੁਕਮ ਦੇ ਦਿੱਤਾ ਗਿਆ ਹੈ...

ਤੂਤੀ ਵਾਲਾ : ਰੇਡੀਓ ਦੀ ਖ਼ਬਰ...

ਦੋ : (ਦੂਜੇ ਪਾਸੇ ਤੋਂ ਮੰਚ 'ਤੇ ਆਉਂਦਾ ਹੈ) ਸਰਕਾਰੀ ਗੁਦਾਮਾਂ ਵਿਚ ਪਏ ਸਟੇਸ਼ਨਰੀ ਦੇ ਕਾਗਜ਼ਾਂ ਨੂੰ ਸਿਉਂਕ ਲੱਗ ਗਈ ਹੈ, ਹਜ਼ਾਰਾਂ ਰੁਪਿਆਂ ਦਾ ਨੁਕਸਾਨ ਹੋ ਗਿਆ ਹੈ। ਮੁੱਖ ਮੰਤਰੀ ਨੇ ਤਜਵੀਜ਼ ਜ਼ਾਹਿਰ ਕੀਤੀ ਹੈ...

ਤੂਤੀ ਵਾਲਾ : ਟੈਲੀਵਿਜ਼ਨ ਦੀ ਖ਼ਬਰ

ਤਿੰਨ : (ਪਿਛੋਂ ਦੀ ਮੰਚ 'ਤੇ ਆਉਂਦਾ ਹੈ) ਸਰਕਾਰੀ ਹਸਪਤਾਲ ਵਿਚ ਪਈਆਂ ਦਵਾਈਆਂ ਨੂੰ ਉੱਲੀ ਲੱਗ ਗਈ ਹੈ, ਨੁਕਸਾਨ ਦਾ ਜਾਇਜ਼ਾ ਲਗਾਉਣ ਲਈ ਕਮਿਸ਼ਨ ਤਜਵੀਜ਼ ਕੀਤਾ ਗਿਆ ਹੈ।

ਤੂਤੀ ਵਾਲਾ : ਪਰ ਇਕ ਖ਼ਬਰ ਕਿਸੇ ਵੀ ਅਖ਼ਬਾਰ ਵਿਚ ਨਾ ਆਈ, ਕਿਸੇ ਵੀ ਰੇਡੀਓ ਨੇ ਨਾ ਸੁਣਾਈ, ਕਿਸੇ ਵੀ ਟੈਲੀਵਿਜਨ ਨੇ ਨਾ ਵਿਖਾਈ...

ਵਿਜੈ ਸਿੰਘ : (ਮੰਚ 'ਤੇ ਅੱਗੇ ਆਉਂਦਾ ਹੈ) ਇਕ ਨੌਜਵਾਨ ਜਿਸ ਦਾ ਨਾਂ ਵਿਜੈ ਸਿੰਘ ਏ, ਜਿਸ ਕੋਲ ਭਾਰਤੀ ਯੂਨੀਵਰਸਿਟੀ ਦੀ ਐਮ.ਏ. ਦੀ ਡਿਗਰੀ ਏ, ਜਿਹੜਾ ਪਿਛਲੇ ਚਾਰ ਸਾਲਾਂ ਤੋਂ ਬੇਕਾਰ ਏ, ਜਿਸਦੇ ਪੈਰਾਂ ਨੂੰ ਘੁਣ ਲੱਗ ਗਿਆ ਹੈ, ਜਿਸ ਦੇ ਹੱਥਾਂ ਨੂੰ ਸਿਉਂਕ ਨੇ ਖਾ ਲਿਆ ਏ, ਜਿਸ ਦੇ ਦਿਮਾਗ਼ ਨੂੰ ਉੱਲੀ ਲੱਗ ਗਈ ਏ।

*(ਅਭਿਨੈ ਕਰਦਾ ਬਾਹਰ ਜਾਂਦਾ ਹੈ)*

ਤੂਤੀ ਵਾਲਾ : ਕਿਸੇ ਉੱਚ-ਪੱਧਰੀ ਤਫ਼ਤੀਸ਼ ਦਾ ਹੁਕਮ ਨਹੀਂ ਦਿੱਤਾ ਗਿਆ, ਕਿਸੇ

ਵੀ ਮੰਤਰੀ ਨੇ ਤਫ਼ਤੀਸ਼ ਜ਼ਾਹਿਰ ਨਹੀਂ ਕੀਤੀ, ਕੋਈ ਵੀ ਕਮਿਸ਼ਨ ਤਜਵੀਜ਼ ਨਹੀਂ ਕੀਤਾ ਗਿਆ... ਪਰ ਕਿਉਂ ?

ਇਕ : ਉੱਚ-ਪੱਧਰ ਦੇ ਅਫਸਰਾਂ ਨੂੰ ਵਿਹਲ ਨਹੀਂ।

ਦੋ : ਤਫ਼ਤੀਸ਼ ਕਮੇਟੀ ਦੇ ਹੱਥ ਰੁਕੇ ਹੋਏ ਨੇ।

ਤਿੰਨ : ਮੰਤਰੀ ਮੰਡਲ ਦੀ ਮੀਟਿੰਗ ਨਹੀਂ ਹੋ ਸਕੀ।

ਤੂਤੀ ਵਾਲਾ : ਪਰ ਕਿਉਂ ?

ਇਕ : ਉੱਚ-ਪੱਧਰ ਦੇ ਅਫਸਰਾਂ ਦੀ ਮੱਝ ਮਰ ਗਈ ਏ।

ਦੋ : ਤਫ਼ਤੀਸ਼ ਕਮੇਟੀ ਵਾਂਢੇ ਗਈ ਹੋਈ ਏ।

ਤਿੰਨ : ਮੰਤਰੀ ਮੰਡਲ ਬਦੇਸ਼ ਦੀ ਸੈਰ ਕਰਨ ਗਿਆ ਏ।

ਸਾਰੇ ਇਕੱਠੇ : ਹਾ-ਹਾ-ਹਾ-

ਤੂਤੀ ਵਾਲਾ : ਪਰ ਇਹ ਸਭ ਬਹਾਨੇ ਨੇ।

ਇਕ : ਧੋਬੀ ਲਗਾਉਂਦੇ ਨੇ, ਜੋ ਵਕਤ ਸਿਰ ਕਪੜੇ ਧੋ ਕੇ ਨਹੀਂ ਦਿੰਦੇ।

ਦੋ : ਦਰਜ਼ੀ ਲਗਾਉਂਦੇ ਨੇ, ਜੋ ਵਕਤ ਸਿਰ ਕੱਪੜੇ ਨਹੀਂ ਸੀਂਦੇ।

ਤਿੰਨ : ਮੋਚੀ ਲਗਾਉਂਦੇ ਨੇ, ਜੋ ਸਾਈ ਲੈ ਕੇ ਜੁੱਤੀ ਨਹੀਂ ਦੇਂਦੇ।

ਤੂਤੀ ਵਾਲਾ : ਫਿਰ ਉੱਚ-ਪੱਧਰ ਦੇ ਲੋਕ ?

ਇਕ : ਧੋਬੀਆਂ ਨਾਲੋਂ ਮਾੜੇ।

ਦੋ : ਦਰਜ਼ੀਆਂ ਨਾਲੋਂ ਭੈੜੇ।

ਤਿੰਨ : ਮੋਚੀਆਂ ਨਾਲੋਂ ਗਏ ਗੁਜ਼ਰੇ।

ਤੂਤੀ ਵਾਲਾ : ਤੇ ਫੇਰ ਕੱਢੋ ਇਹਨਾਂ ਦਾ ਜਲੂਸ।

ਇਕੱਠੇ : (ਲੈਅ ਵਿਚ)... ਮਾੜੇ ਭੈੜੇ ਗਏ ਗੁਜ਼ਰੇ-ਮਾੜੇ ਭੈੜੇ ਗਏ ਗੁਜ਼ਰੇ-ਗਏ ਗੁਜ਼ਰੇ-ਗਏ ਗੁਜ਼ਰੇ...

*(ਬਾਹਰ ਜਾਂਦੇ ਹਨ)*

ਵਿਜੈ ਸਿੰਘ : (ਦੂਜੇ ਪਾਸੇ ਤੋਂ ਆਉਂਦਾ ਹੈ) ਪਰ ਮੈਂ ਤਾਂ ਗੱਲ ਕਰ ਰਿਹਾ ਹਾਂ ਭਾਰਤ ਦੇ ਉਸ ਸ਼ਹਿਰੀ ਦੀ ਜਿਸ ਦਾ ਨਾਂ ਵਿਜੈ ਸਿੰਘ ਹੈ, ਜਿਸ ਕੋਲ ਐਮ.ਏ. ਦੀ ਡਿਗਰੀ ਏ, ਜਿਹੜਾ ਚਾਰ ਸਾਲ ਤੋਂ ਬੇਕਾਰ ਏ-ਹਾਂ ਜਿਹੜਾ ਚਾਰ ਸਾਲ ਤੋਂ ਬੇਕਾਰ ਏ।

*(ਬਾਹਰ ਜਾਂਦਾ ਹੈ)*

ਤੂਤੀ ਵਾਲਾ : (ਲੰਮੀ ਤੂਤੀ ਵਜਾ ਕੇ) ਹਾਂ, ਜਿਹੜਾ ਚਾਰ ਸਾਲ ਤੋਂ ਬੇਕਾਰ ਏ-ਜਿਸ ਦੇ ਪੈਰਾਂ ਨੂੰ ਘੁਣ ਲੱਗ ਗਿਆ ਏ-ਜਿਸ ਦੇ ਦਿਮਾਗ਼ ਨੂੰ ਉੱਲੀ ਲੱਗ ਗਈ ਏ-ਉਸ ਦੀ ਕਹਾਣੀ ਤੁਹਾਨੂੰ ਮੈਂ ਸੁਣਾਉਂਦਾ ਹਾਂ-ਇਹ ਕਹਾਣੀ ਤੁਹਾਡੀ ਵੀ ਕਹਾਣੀ ਹੈ ਤੇ ਦੇਸ਼ ਵਿਚ ਲੱਖਾਂ ਬੇਰੁਜ਼ਗਾਰਾਂ

ਦੀ ਕਹਾਣੀ ਹੈ-ਚਾਰ ਸਾਲ ਪਹਿਲਾਂ...

*(ਵਿਜੈ ਸਿੰਘ ਇਮਤਿਹਾਨ ਦੇਣ ਜਾ ਰਿਹਾ ਹੈ)*

ਤੂਤੀ ਵਾਲਾ : ਵਿਜੈ ਸਿੰਘ ਇਮਤਿਹਾਨ ਦੇਣ ਜਾ ਰਿਹਾ ਏ ?

ਵਿਜੈ ਸਿੰਘ : ਹਾਂ।

ਤੂਤੀ ਵਾਲਾ : ਖਿਚੜੀ ਖਾ ਲਈ ਆ ?

ਵਿਜੈ ਸਿੰਘ : ਕਿਉਂ ?

ਤੂੜੀ ਵਾਲਾ : ਸ਼ਗਨ ਹੁੰਦਾ ਏ-

ਵਿਜੈ ਸਿੰਘ : ਕਾਹਦਾ ਸ਼ਗਨ ?

ਤੂਤੀ ਵਾਲਾ : ਪਰਚੇ ਚੰਗੇ ਹੁੰਦੇ ਨੇ।

ਵਿਜੈ ਸਿੰਘ : ਐਵੇਂ ਵਹਿਮ ਏ।

ਤੂਤੀ ਵਾਲਾ : ਫਿਰ ਪਰਚੇ ਕਿਸ ਤਰ੍ਹਾਂ ਚੰਗੇ ਹੁੰਦੇ ਨੇ ?

ਇਕ-ਦੋ-ਤਿੰਨ : (ਇਕੱਠੇ) ਅਸੀਂ ਦੱਸਦੇ ਹਾਂ ਕਿਸ ਤਰ੍ਹਾਂ ਚੰਗੇ ਹੁੰਦੇ ਨੇ।

ਤੂਤੀ ਵਾਲਾ : ਤੁਸੀਂ ?

ਇਕ-ਦੋ-ਤਿੰਨ : (ਇਕੱਠੇ) ਪਰਚੇ ਚੰਗੇ ਹੁੰਦੇ ਨੇ ਨਕਲ ਨਾਲ।

ਤੂਤੀ ਵਾਲਾ : ਨਕਲ ਨਾਲ ?

ਇਕ : ਜੇਬ ਵਿਚ ਪਰਚੀ ਪਾਓ।

ਦੋ : ਬੂਟ ਵਿਚ ਪਰਚੀ ਪਾਓ।

ਤਿੰਨ : ਜੁਰਾਬ ਵਿਚ ਪਰਚੀ ਪਾਓ।

ਇਕੱਠੇ : ਜੇਬ ਵਿਚ ਪਰਚੀ ਪਾਓ, ਬੂਟ ਵਿਚ ਪਰਚੀ ਪਾਓ, ਜੁਰਾਬ ਵਿਚ ਪਰਚੀ ਪਾਓ।

ਤੂਤੀ ਵਾਲਾ : ਇਮਤਿਹਾਨ ਵਿੱਚ ਪਾਸ ਹੋਣ ਦਾ ਤਾਜ਼ਾ ਨੁਸਖਾ।

ਇਕੱਠੇ : ਨਕਲ ਲਗਾਓ, ਜੇਬ ਵਿਚ ਪਰਚੀ ਪਾਓ, ਬੂਟ ਵਿਚ ਪਰਚੀ ਪਾਓ, ਜੁਰਾਬ ਵਿਚ ਪਰਚੀ ਪਾਓ ਤੇ ਪਾਸ ਹੋ ਜਾਓ।
ਹਾ-ਹਾ-ਹਾ

ਵਿਜੈ ਸਿੰਘ : ਨਹੀਂ-ਨਹੀਂ ਇਹ ਭ੍ਰਿਸ਼ਟਾਚਾਰ ਹੈ। ਮੈਂ ਤਾਂ ਆਪਣੀ ਮਿਹਨਤ ਨਾਲ ਪਾਸ ਹੋਵਾਂਗਾ।

ਇਕ : ਸਾਲਾ ਬੇਵਕੂਫ ਏ।

ਦੋ : ਸਾਲਾ ਮੂਰਖ ਏ।

ਤੂਤੀ ਵਾਲਾ : ਕੱਢੋ ਫਿਰ ਇਮਤਿਹਾਨ ਦਾ ਜਲੂਸ।

ਇਕੱਠੇ : ਜੇਬ ਵਿਚ ਪਰਚੀ ਪਾਓ, ਬੂਟ ਵਿਚ ਪਰਚੀ ਪਾਓ, ਜੁਰਾਬ ਵਿਚ ਪਰਚੀ ਪਾਓ, ਪਾਸ ਹੋ ਜਾਓ।

*(ਬਾਹਰ ਜਾਂਦੇ ਹਨ)*

ਵਿਜੈ ਸਿੰਘ : ਮੈਂ ਇਮਤਿਹਾਨ ਦਿੱਤਾ, ਆਪਣੀ ਮਿਹਨਤ ਨਾਲ ਮੈਂ ਪਾਸ ਹੋਇਆ, ਮੈਨੂੰ ਤਿਮਾਹੀ ਮਿਲ ਗਈ, ਮੈਂ 'ੳ' 'ਅ' ਤੋਂ ਪੜ੍ਹਾਈ ਸ਼ੁਰੂ ਕੀਤੀ ਸੀ, ਹੁਣ ਸਾਰੇ ਗ੍ਰੰਥ ਮੇਰੀ ਮੁੱਠੀ ਵਿਚ ਨੇ, ਮੈਨੂੰ ਪਤਾ ਏ ਧਰਤੀ ਸੂਰਜ ਦੁਆਲੇ ਚੱਕਰ ਕਿਉਂ ਲਗਾਉਂਦੀ ਏ, ਮੈਨੂੰ ਪਤਾ ਏ ਗਗਨ ਮੰਡਲ ਵਿਚ ਹੋਰ ਕਿਹੜੇ ਸੂਰਜ ਨੇ, ਮੈਨੂੰ ਪਤਾ ਏ ਕਿ ਹਾਈਡਰੋਜਨ ਬੰਬ ਕਿਸ ਅਸੂਲ 'ਤੇ ਕੰਮ ਕਰਦਾ ਏ, ਮੈਨੂੰ ਸੂਈ ਤੋਂ ਲੈ ਕੇ ਵੱਡੀ ਤੋਂ ਵੱਡੀ ਮਸ਼ੀਨ ਦਾ ਗਿਆਨ ਏ। ਹਾਂ ਮੈਨੂੰ ਸਭ ਕਾਸੇ ਦਾ ਗਿਆਨ ਏ, ਹਰ ਇਕ ਸਿਧਾਂਤ ਦਾ ਗਿਆਨ ਏ। ਹਾਂ ਮੈਨੂੰ ਸਭ ਕਾਸੇ ਦਾ ਗਿਆਨ ਏ, ਹਰ ਇਕ ਸਿਧਾਂਤ ਦਾ ਗਿਆਨ ਏ।

*(ਇਕ, ਦੋ, ਤਿੰਨ ਫੇਰ ਆਉਂਦੇ ਹਨ)*

ਇਕ : ਝੂਠ
ਦੋ : ਗਲਤ
ਤਿੰਨ : ਬਕਵਾਸ
ਇਕ : ਤੈਨੂੰ ਕਿਸੇ ਗੱਲ ਦਾ ਗਿਆਨ ਨਹੀਂ।
ਦੋ : ਤੈਨੂੰ ਕਿਸੇ ਸਿਧਾਂਤ ਦਾ ਇਲਮ ਨਹੀਂ।
ਤਿੰਨ : ਤੈਨੂੰ ਕਿਸੇ ਅਸਲੀਅਤ ਦੀ ਸੂਝ ਨਹੀਂ।
ਤੂਤੀ ਵਾਲਾ : ਕੀ ਤੈਨੂੰ ਪਤਾ ਏ...
ਇਕ : ਵਜ਼ੀਰ ਝੂਠੇ ਕਿਉਂ ਨੇ ?
ਦੋ : ਬੇਇਮਾਨ ਕਿਉਂ ਨੇ ?
ਤਿੰਨ : ਭ੍ਰਿਸ਼ਟਾਚਾਰੀ ਕਿਉਂ ਨੇ ?
ਇਕ : ਨਾਅਰੇਬਾਜ਼ ਕਿਉਂ ਨੇ ?
ਦੋ : ਲਾਰੇਬਾਜ਼ ਕਿਉਂ ਨੇ ?
ਤਿੰਨ : ਲਫ਼ਾਫ਼ੇਬਾਜ਼ ਕਿਉਂ ਨੇ ?
ਇਕ : ਦੰਭੀ ਕਿਉਂ ਨੇ ?
ਦੋ : ਕਪਟੀ ਕਿਉਂ ਨੇ ?
ਤਿੰਨ : ਢੌਂਗੀ ਕਿਉਂ ਨੇ ?
ਵਿਜੈ ਸਿੰਘ : ਨਹੀਂ।
ਤੂਤੀ ਵਾਲਾ : ਤੇ ਫੇਰ ਤੂੰ...
ਇਕ : ਪੜ੍ਹਿਆ ਕੀ ਏਂ ?
ਦੋ : ਗੁੜ੍ਹਿਆ ਕੀ ਏਂ ?
ਤਿੰਨ : ਸਿੱਖਿਆ ਕੀ ਏਂ ?
ਤਿੰਨੇ ਇਕੱਠੇ : ਪੜ੍ਹਿਆ ਕੀ ਏਂ, ਗੁੜ੍ਹਿਆ ਕੀ ਏਂ, ਸਿੱਖਿਆ ਕੀ ਏਂ ? ਕੁਝ ਵੀ ਨਹੀਂ–

ਕੁਝ ਵੀ ਨਹੀਂ।

*(ਇਹ ਕਹਿੰਦੇ-ਕਹਿੰਦੇ ਬਾਹਰ ਜਾਂਦੇ ਹਨ)*

ਵਿਜੈ ਸਿੰਘ : ਪਰ ਇਹ ਸਭ ਕੁਝ ਸਿਆਸਤ ਏ, ਮੈਨੂੰ ਸਿਆਸਤ ਨਹੀਂ ਆਉਂਦੀ- ਮੈਨੂੰ ਕੀ ਪਤਾ ਮਨਿਸਟਰ ਝੂਠੇ ਕਿਉਂ ਨੇ-ਦੰਭੀ ਕਿਉਂ ਨੇ-ਕਪਟੀ ਕਿਉਂ ਨੇ-ਢੌਂਗੀ ਕਿਉਂ ਨੇ-ਨਾਅਰੇਬਾਜ਼ ਕਿਉਂ ਨੇ-ਲਾਰੇਬਾਜ਼ ਕਿਉਂ ਨੇ-ਮੈਂ ਤਾਂ ਸਿਰਫ਼ ਉਨ੍ਹਾਂ ਦੇ ਭਾਸ਼ਨ ਸੁਣੇ ਨੇ-ਭਾਸ਼ਨ ਜਿਹੜੇ ਉਹਨਾਂ ਨੇ ਸਕੂਲ ਦੇ ਇਨਾਮਾਂ ਦੇ ਜਲਸੇ ਵਿਚ ਦਿੱਤੇ, ਭਾਸ਼ਨ ਜਿਹੜੇ ਉਹਨਾਂ ਡਿਗਰੀਆਂ ਦੇਣ ਵੇਲੇ ਦਿੱਤੇ।

*(ਮੰਚ ਦੇ ਪਿੱਛੋਂ ਨਾਅਰਿਆਂ ਦੀ ਅਵਾਜ਼ ਆਉਂਦੀ ਹੈ-'ਫ਼ਖ਼ਰੇ ਕੌਮ-ਜ਼ਿੰਦਾਬਾਦ'-ਤੂਤੀ ਵਾਲਾ ਇਕ ਵਜ਼ੀਰ ਨੂੰ ਗੋਲ ਸਟੂਲ 'ਤੇ ਚੜ੍ਹਾਉਂਦਾ ਹੈ ਬੜੀ ਮੁਸ਼ਕਿਲ ਨਾਲ। ਵਜ਼ੀਰ ਬੁੱਢਾ ਹੈ।)*

ਇਕ : ਨੌਜਵਾਨ ਸਾਥੀਓ, ਮੈਂ ਤੁਹਾਡੇ ਵਿਚ ਆ ਕੇ ਆਪਣੇ ਆਪ ਨੂੰ ਨੌਜਵਾਨ ਮਹਿਸੂਸ ਕਰ ਰਿਹਾ ਹਾਂ-ਤੁਹਾਡੇ ਉਤੇ ਸਾਨੂੰ ਬੜੀਆਂ ਆਸਾਂ ਨੇ, ਤੁਸੀਂ ਦੇਸ਼ ਦੀ ਆਜ਼ਾਦੀ ਦੀ ਰੱਖਿਆ ਕਰਨੀ ਏਂ-ਇਹ ਆਜ਼ਾਦੀ ਅਸੀਂ ਬੜੀਆਂ ਕੁਰਬਾਨੀਆਂ ਦੇ ਬਾਅਦ ਲਈ ਏ, ਇਸ ਅਜ਼ਾਦੀ ਦੀ ਖਾਤਰ ਸਾਡੇ ਰਾਸ਼ਟਰ ਪਿਤਾ ਨੇ ਸਾਰੀ ਉਮਰ ਲੰਗੋਟੀ ਵਿਚ ਲੰਘਾਈ ਅਤੇ ਸਿਰਫ਼ ਬੱਕਰੀ ਦਾ ਦੁੱਧ ਪੀਤਾ, (ਤਾੜੀਆਂ ਤੇ ਨਾਅਰੇ) ਮੈਂ ਇਨਾਮ ਜਿੱਤਣ ਵਾਲਿਆਂ ਨੂੰ ਵਧਾਈ ਦੇਂਦਾ ਹਾਂ- ਉਹਨਾਂ ਨੂੰ ਹੋਰ ਮਿਹਨਤ ਕਰਨੀ ਚਾਹੀਦੀ ਹੈ-ਆਪਣਾ ਕੀਮਤੀ ਵਕਤ ਕਿਸੇ ਵੀ ਸਿਆਸੀ ਸਰਗਰਮੀ ਵਿਚ ਜ਼ਾਇਆ ਨਹੀਂ ਕਰਨਾ ਚਾਹੀਦਾ, ਮੈਂ ਆਪਣੇ ਵੱਲੋਂ ਆਪਣੇ ਡਿਕਸ਼ਨਰੀ... ਮਤਲਬ ਕਿ ਡਿਸ... ਡਿਸਕਿਸ਼ਨਰੀ ਫੰਡ ਵਿਚੋਂ ਪੰਜ ਹਜ਼ਾਰ ਰੁਪਏ ਇਸ ਸਕੂਲ ਨੂੰ ਦੇਂਦਾ ਹਾਂ।

*(ਤਾੜੀਆਂ-ਨਾਅਰੇ 'ਫ਼ਖਰੇ ਕੌਮ ਜ਼ਿੰਦਾਬਾਦ'। ਤੂਤੀ ਵਾਲਾ ਵਜ਼ੀਰ ਨੂੰ ਇਕ ਪਾਸੇ ਲੈ ਜਾਂਦਾ ਹੈ। ਤੇ ਦੂਜੇ ਪਾਸੇ ਤੋਂ ਦੂਸਰੇ ਵਜ਼ੀਰ ਨੂੰ ਲਿਆਉਂਦਾ ਹੈ। 'ਸ਼ੇਰੇ-ਕੌਮ ਜ਼ਿੰਦਾਬਾਦ' 'ਸ਼ੇਰੇ-ਕੌਮ ਜ਼ਿੰਦਾਬਾਦ' ਨਾਅਰਿਆਂ ਨਾਲ ਉਸ ਨੂੰ ਦਰਮਿਆਨ ਵਾਲੇ ਸਟੂਲ ਉਤੇ ਚੜ੍ਹਾਉਂਦਾ ਹੈ।)*

ਦੋ : ਸਤਿਕਾਰਯੋਗ ਸਰੋਤਿਓ ਤੇ ਵਿਦਿਆਰਥੀਓ, ਦੇਸ਼ ਬੜੇ ਸੰਕਟ ਵਿਚੋਂ ਗੁਜ਼ਰ ਰਿਹਾ ਏ-ਕੁਝ ਸ਼ਰਾਰਤੀ ਲੋਕ ਦੇਸ਼ ਦੀ ਬੇੜੀ ਨੂੰ ਡੋਬਣਾ ਚਾਹੁੰਦੇ ਹਨ-ਅਸੀਂ ਇਸ ਨੂੰ ਕਿਨਾਰੇ ਲਗਾਉਣਾ ਏ-ਇਸ ਲਾਇਬਰੇਰੀ ਦਾ ਨੀਂਹ-ਪੱਥਰ ਰਖਦੇ ਹੋਏ ਮੈਂ ਉਮੀਦ ਕਰਾਂਗਾ ਕਿ

ਵਿਦਿਆਰਥੀ ਕਿਤਾਬਾਂ ਪੜ੍ਹਨਗੇ, ਗਿਆਨ ਲੈਣਗੇ ਤੇ ਸਿਆਸਤ ਵਰਗੀਆਂ ਸਰਗਰਮੀਆਂ ਵਿਚ ਆਪਣਾ ਵਕਤ ਜ਼ਾਇਆ ਨਹੀਂ ਕਰਨਗੇ–ਮੈਂ ਇਸ ਲਾਇਬਰੇਰੀ ਨੂੰ ਭਾਰਤੀ ਕਲਾਸਕੀ ਸਾਹਿਤ ਦੀ ਰਚਨਾ ਕਿੱਸਾ 'ਤੋਤਾ-ਮੈਨਾ' ਦੀਆਂ ਪੰਝੀ ਕਾਪੀਆਂ ਡੋਨੇਟ ਕਰਦਾ ਹਾਂ (ਤਾੜੀਆਂ, ਨਾਅਰੇ) ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿੱਸਾ ਤੋਤਾ-ਮੈਨਾ ਪੜ੍ਹਨ ਅਤੇ ਸੌਂ ਜਾਣ, ਇਸ ਤਰ੍ਹਾਂ ਹੀ ਉਹ ਦੇਸ਼ ਦੇ ਭਵਿੱਖ ਦੀ ਰਾਖੀ ਕਰ ਸਕਦੇ ਹਨ।

*(ਤਾੜੀਆਂ-ਨਾਅਰੇ 'ਸ਼ੇਰੇ-ਕੌਮ ਜ਼ਿੰਦਾਬਾਦ' ਤੂਤੀ ਵਾਲਾ ਇਸ ਵਜ਼ੀਰ ਨੂੰ ਬਾਹਰ ਲੈ ਜਾਂਦਾ ਹੈ ਤੇ ਦੂਸਰੇ ਪਾਸੇ ਤੋਂ ਹੋਰ ਵਜ਼ੀਰ ਨੂੰ ਲਿਆਉਂਦਾ ਹੈ। 'ਸ਼ਾਨੇ-ਕੌਮ ਜ਼ਿੰਦਾਬਾਦ' 'ਸ਼ਾਨੇ-ਕੌਮ ਜ਼ਿੰਦਾਬਾਦ' ਨਾਅਰਿਆਂ ਨਾਲ ਉਸ ਨੂੰ ਦਰਮਿਆਨ ਵਾਲੇ ਸਟੂਲ 'ਤੇ ਚੜ੍ਹ ਜਾਂਦਾ ਹੈ।)*

ਤਿੰਨ : ਸੱਜਣੋ ਤੇ ਸੱਜਣੀਓ... ਅੱਜ ਤੁਹਾਨੂੰ ਡਿਗਰੀਆਂ ਦੇਣ ਲੱਗਿਆਂ ਮੇਰਾ ਮਨ ਅਤਿ ਪ੍ਰਸੰਨ ਹੈ, ਤੁਸੀਂ ਇਹਨਾਂ ਡਿਗਰੀਆਂ ਨੂੰ ਕਾਗ਼ਜ਼ ਦੇ ਟੁਕੜੇ ਨਾ ਸਮਝਣਾ-ਇਹ ਤੁਹਾਡਾ ਭਵਿੱਸ਼ ਹੈ-ਕੌਮ ਦਾ ਭਵਿੱਸ਼ ਤੇ ਸਾਰੇ ਦੇਸ਼ ਦਾ ਭਵਿੱਸ਼ ਹੈ-ਇਹਨਾਂ ਨੂੰ ਕੱਛੇ ਮਾਰ ਕੇ ਦੇਸ਼ ਦੀਆਂ ਸੜਕਾਂ 'ਤੇ ਆ ਜਾਓ-ਮੈਂ ਇਸ ਵੇਲੇ ਤੁਹਾਨੂੰ ਹੋਰ ਕੁਝ ਨਹੀਂ ਦੇ ਸਕਦਾ, ਕਿਉਂਕਿ ਮੇਰੇ ਕੋਲ ਦੇਣ ਲਈ ਕੁਝ ਵੀ ਨਹੀਂ-ਪਰ ਇਸ ਗੱਲ ਦਾ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਆਉਣ ਵਾਲੇ ਤੀਹਾਂ ਸਾਲਾਂ ਵਿਚ ਅਸੀਂ ਹਰ ਇਕ ਨੂੰ ਰੁਜ਼ਗਾਰ ਦੇਵਾਂਗੇ-

*(ਨਾਅਰੇ, 'ਸ਼ਾਨੇ-ਕੌਮ ਜ਼ਿੰਦਾਬਾਦ' 'ਸ਼ਾਨੇ-ਕੌਮ ਜ਼ਿੰਦਾਬਾਦ'-ਤੂਤੀ ਵਾਲਾ ਵਜ਼ੀਰ ਨੂੰ ਬਾਹਰ ਲੈ ਜਾਂਦਾ ਹੈ।*

ਵਿਜੈ ਸਿੰਘ : ਹਾਂ ਮੈਨੂੰ ਦੱਸਿਆ ਗਿਆ ਹੈ ਕਿ ਮੈਂ ਦੇਸ਼ ਦੀ ਆਜ਼ਾਦੀ ਦੀ ਰੱਖਿਆ ਕਰਨੀ ਹੈ, ਜਿਹੜੀ ਰਾਸ਼ਟਰ ਪਿਤਾ ਨੇ ਸਾਰੀ ਉਮਰ ਬੱਕਰੀ ਦਾ ਦੁੱਧ ਪੀ ਕੇ ਹਾਸਲ ਕੀਤੀ। ਮੈਂ ਦੇਸ਼ ਦੇ ਭਵਿੱਖ ਦੀ ਰਾਖੀ ਕਰਨੀ ਹੈ-ਇਸ ਲਈ ਕਿੱਸਾ ਤੋਤਾ-ਮੈਨਾ ਪੜ੍ਹਨਾ ਜ਼ਰੂਰੀ ਏ-ਮੈਨੂੰ ਆਪਣੀ ਡਿਗਰੀ ਕੱਛੇ ਮਾਰ ਕੇ ਸੜਕਾਂ 'ਤੇ ਫਿਰਨਾ ਚਾਹੀਦਾ ਹੈ।

ਤੂਤੀ ਵਾਲਾ : ਤੇ ਵਿਜੈ ਸਿਘ ਨੇ ਵੀ ਡਿਗਰੀ ਨੂੰ ਕੱਛੇ ਮਾਰ ਕੇ ਸੜਕਾਂ 'ਤੇ ਫਿਰਨਾ ਸ਼ੁਰੂ ਕਰ ਦਿੱਤਾ, ਜਿਸ ਤਰ੍ਹਾਂ ਦੇਸ਼ ਵਿਚ ਲੱਖਾਂ ਨੌਜਵਾਨ ਘੁੰਮ ਰਹੇ ਨੇ-ਨੌਕਰੀ ਭਾਲਦੇ ਸਰਕਾਰੀ ਅਦਾਰਿਆਂ ਵਿਚ, ਨੀਮ-ਸਰਕਾਰੀ ਅਦਾਰਿਆਂ ਵਿਚ ਅਤੇ ਗ਼ੈਰ-ਸਰਕਾਰੀ ਅਦਾਰਿਆਂ ਵਿਚ...

*(ਇਕ ਕੁਰਸੀ ਲਿਆ ਕੇ ਰੱਖਦਾ ਹੈ)*

ਇਹ ਇਕ ਸਰਕਾਰੀ ਅਦਾਰਾ ਹੈ–

*(ਦੂਜੀ ਕੁਰਸੀ ਲਿਆ ਕੇ ਰੱਖਦਾ ਹੈ)*

ਇਹ ਇਕ ਨੀਮ-ਸਰਕਾਰੀ ਅਦਾਰਾ ਹੈ–

*(ਤੀਜੀ ਕੁਰਸੀ ਲਿਆ ਕੇ ਰੱਖਦਾ ਹੈ)*

ਇਹ ਇਕ ਗ਼ੈਰ-ਸਰਕਾਰੀ ਅਦਾਰਾ ਹੈ–

*(ਸਰਕਾਰੀ ਕੁਰਸੀ ਵੱਲ ਇਸ਼ਾਰਾ ਕਰਕੇ)*

ਇਹ ਕੁਰਸੀ ਖਾਲੀ ਹੈ, ਇਸ ਕੁਰਸੀ 'ਤੇ ਬੈਠਣ ਵਾਲਾ ਸਰਕਾਰੀ ਕਰਮਚਾਰੀ ਚਾਹ ਪੀਣ ਗਿਆ ਹੈ–ਇਥੇ ਦਾ ਦਸਤੂਰ ਹੈ ਕਿ ਚਾਹ ਪੀਣੀ ਹੋਏ ਤਾਂ ਸਰਕਾਰੀ ਵਕਤ ਵਿਚ, ਘਰ ਦਾ ਸੌਦਾ ਲਿਆਉਣਾ ਹੋਵੇ ਤਾਂ ਸਰਕਾਰੀ ਵਕਤ ਵਿਚ, ਜੰਗਲ-ਪਾਣੀ ਜਾਣਾ ਹੋਵੇ ਤਾਂ ਉਹ ਵੀ ਸਰਕਾਰੀ ਵਕਤ ਵਿਚ–ਤੇ ਪਧਾਰ ਰਹੇ ਨੇ ਸਰਕਾਰੀ ਕਰਮਚਾਰੀ–(ਸਰਕਾਰ ਕਰਮਚਾਰੀ ਕੁਰਸੀ 'ਤੇ ਆ ਕੇ ਬੈਠ ਜਾਂਦਾ ਹੈ) (ਨੀਮ-ਸਰਕਾਰੀ ਕੁਰਸੀ ਵੱਲ ਇਸ਼ਾਰਾ ਕਰਕੇ) ਇਹ ਨੀਮ-ਸਰਕਾਰੀ ਕੁਰਸੀ ਹੈ, ਇਥੇ ਬੈਠਣ ਲਈ ਇਕ ਕਾਬਲੀਅਤ ਦੀ ਲੋੜ ਏ, ਜੇ ਚਿੱਟਿਆਂ ਦਾ ਰਾਜ ਹੋਵੇ ਤਾਂ ਤੁਹਾਡੇ ਸਿਰ ਤੇ ਚਿੱਟੀ ਹੋਣੀ ਚਾਹੀਦੀ ਹੈ, ਜੇ ਪੀਲਿਆਂ ਦਾ ਰਾਜ ਹੋਵੇ ਤਾਂ ਤੁਹਾਡੇ ਸਿਰ 'ਤੇ ਪੀਲੀ ਹੋਣੀ ਚਾਹੀਦੀ ਹੈ, ਜੇ ਨੀਲਿਆਂ ਦਾ ਰਾਜ ਹੋਵੇ ਤਾਂ ਤੁਹਾਡੇ ਸਿਰ 'ਤੇ ਨੀਲੀ ਹੋਣੀ ਚਾਹੀਦੀ ਹੈ। 'ੳ' 'ਅ' ਪਾਸ ਹੋਵੇ ਜਾਂ ਫੇਲ੍ਹ ਹੋਵੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ–(ਗ਼ੈਰ-ਸਰਕਾਰੀ ਕੁਰਸੀ ਵੱਲ ਇਸ਼ਾਰਾ ਕਰਕੇ ਜਿਥੇ ਇਕ ਧਾਰਮਿਕ ਕਿਸਮ ਦਾ ਬੰਦਾ ਬੈਠਾ ਹੈ) ਇਹ ਗ਼ੈਰ-ਸਰਕਾਰੀ ਅਦਾਰਾ ਹੈ। ਇਹ ਸੇਠਾਂ ਦਾ ਪੁੱਤਰ ਹੋਣਾ ਜ਼ਰੂਰੀ ਏ, ਜਿਨ੍ਹਾਂ ਦੇ ਸ਼ੇਅਰਜ਼ ਇਸ ਅਦਾਰੇ ਵਿਚ ਹੋਣ। ਇਹ ਲੋਕ ਮੰਦਰਾਂ ਵਿਚ, ਮਸੀਤਾਂ ਵਿਚ, ਗੁਰਦਵਾਰਿਆਂ ਵਿਚ ਦਾਨ ਦੇ ਕੇ ਲੋਕਾਂ ਵਿਚ ਆਪਣੀ ਭੱਲ ਬਣਾਉਂਦੇ ਨੇ, ਦਾਨੀ ਅਖਵਾਉਂਦੇ ਨੇ, ਇਨ੍ਹਾਂ ਦੇ ਦਿਮਾਗ਼ ਵਿਚ ਕੋਈ ਨਾ ਕੋਈ ਜ਼ਾਤੀ ਫ਼ਤੂਰ ਹੁੰਦਾ ਏ, ਮਿਸਾਲ ਦੇ ਤੌਰ 'ਤੇ ਜਿਹੜਾ ਇਨ੍ਹਾਂ ਤੋਂ ਪਹਿਲੇ ਇਸ ਕੁਰਸੀ 'ਤੇ ਬੈਠਾ ਸੀ, ਉਹਦੇ ਦਿਮਾਗ ਦਾ ਫ਼ਤੂਰ ਸੀ ਕਿ ਹਰ ਇਕ ਨੌਜਵਾਨ ਜਿਹੜਾ ਇਸ ਅਦਾਰੇ ਵਿਚ ਨੌਕਰੀ ਕਰੇ, ਉਸ ਦੀ ਦਾੜ੍ਹੀ ਕੇਸ ਮੁਕੰਮਲ ਹੋਣ, ਪਰ ਜਿਹੜੇ ਸਾਹਿਬ ਹੁਣ ਬੈਠੇ ਨੇ, ਉਨ੍ਹਾਂ ਦੇ ਦਿਮਾਗ ਦਾ ਫ਼ਤੂਰ ਹੈ ਕਿ ਕੋਈ ਵੀ ਦਾੜ੍ਹੀ ਕੇਸ ਵਾਲਾ ਇਹਨਾਂ ਦੇ ਅਦਾਰੇ ਵਿਚ ਨੌਕਰ ਨਾ ਹੋਵੇ–ਤੇ ਇਹ ਲੋਕ ਨੇ ਵਿਜੈ ਸਿੰਘ ਤੇ ਉਹਦੇ ਵਰਗੇ

ਲੱਖਾਂ ਨੌਜਵਾਨਾਂ ਦੀ ਤਕਦੀਰ ਦੇ ਮਾਲਕ–

*(ਵਿਜੈ ਸਿੰਘ ਡਿਗਰੀ ਚੁੱਕੀ ਸਰਕਾਰੀ ਅਦਾਰੇ ਦੀ ਕੁਰਸੀ 'ਤੇ ਬੈਠੇ ਬੰਦੇ ਕੋਲ ਜਾਂਦਾ ਹੈ–)*

ਵਿਜੈ ਸਿੰਘ : ਜਨਾਬ ਮੈਨੂੰ ਨੌਕਰੀ ਚਾਹੀਦੀ ਏ।

ਇਕ : ਤੇਰੇ ਕੋਲ ਕੋਈ ਸਿਫਾਰਸ਼ ਹੈ ?

ਵਿਜੈ ਸਿੰਘ : ਨਹੀਂ।

ਇਕ : ਤੇਰੇ ਕੋਲ ਨਾਵਾਂ ਹੈ ?

ਵਿਜੈ ਸਿੰਘ : ਨਹੀਂ।

ਇਕ : ਫੇਰ ਤੇਰੇ ਕੋਲ ਹੈ ਕੀ ?

ਵਿਜੈ ਸਿੰਘ : ਜਨਾਬ ਮੇਰੇ ਕੋਲ ਡਿਗਰੀ ਏ।

ਇਕ : (ਮਜ਼ਾਕ ਨਾਲ ਹੱਸਦੇ ਹੋਏ) ਇਸ ਕਾਗ਼ਜ਼ ਦੇ ਟੁਕੜੇ ਦਾ ਹਵਾਈ ਜਹਾਜ਼ ਬਣਾ ਲੈ।

ਵਿਜੈ ਸਿੰਘ : ਹਵਾਈ ਜਹਾਜ਼ ?

ਇਕ : ਹਾਂ ਕਾਗ਼ਜ਼ ਦਾ ਹਵਾਈ ਜਹਾਜ਼ ਜਿਹੜਾ ਜਮਾਤ ਵਿਚ ਮੁੰਡੇ, ਅੱਗੇ ਬੈਠੀਆਂ ਕੁੜੀਆਂ 'ਤੇ ਚਲਾਉਂਦੇ ਨੇ–ਹਾ–ਹਾ–ਹਾ।

*(ਤੂਤੀ ਵਾਲੇ ਦੀ ਤੂਤੀ–ਵਿਜੈ ਸਿੰਘ ਅਗਲੀ ਕੁਰਸੀ ਕੋਲ ਜਾਂਦਾ ਹੈ)*

ਵਿਜੈ ਸਿੰਘ : ਜਨਾਬ ਮੈਨੂੰ ਨੌਕਰੀ ਚਾਹੀਦੀ ਏ।

ਦੋ : ਬਾਪ ਕੀ ਕਰਦਾ ਏ ?

ਵਿਜੈ ਸਿੰਘ : ਇਕ ਸਾਧਾਰਨ ਸ਼ਹਿਰੀ ਏ।

ਦੋ : ਕਿਸੇ ਵਜ਼ੀਰ ਨਾਲ ਵਾਕਫ਼ੀਅਤ ਹੈ ?

ਵਿਜੈ ਸਿੰਘ : ਨਹੀਂ ਜੀ।

ਦੋ : ਤੇ ਫੇਰ ਤੇਰੇ ਕੋਲ ਕੀ ਏ ?

ਵਿਜੈ ਸਿੰਘ : ਜੀ ਮੇਰੇ ਕੋਲ ਡਿਗਰੀ ਏ।

ਦੋ : ਇਸ ਕਾਗਜ਼ ਦੇ ਟੁਕੜੇ ਦੀ ਬੇੜੀ ਬਣਾ ਲੈ।

ਵਿਜੈ ਸਿੰਘ : ਬੇੜੀ ?

ਦੋ : ਜਦੋਂ ਮੀਂਹ ਪਵੇ, ਨਾਲੀਆਂ ਵਿਚ ਰੋੜ੍ਹ ਕੇ ਤਮਾਸ਼ਾ ਵੇਖਿਆ ਕਰੀਂ।

*(ਤੂਤੀ ਵਾਲੇ ਦੀ ਤੂਤੀ–ਵਿਜੈ ਸਿੰਘ ਤੀਜੀ ਕੁਰਸੀ ਕੋਲ ਜਾਂਦਾ ਹੈ।)*

ਵਿਜੈ ਸਿੰਘ : ਜੀ ਮੈਨੂੰ ਨੌਕਰੀ ਚਾਹੀਦੀ ਏ।

ਤਿੰਨ : ਤੂੰ ਤੇ ਕੇਸ ਰੱਖੇ ਹੋਏ ਨੇ ?

ਵਿਜੈ ਸਿੰਘ : ਜੀ।

ਤਿੰਨ : ਤੂੰ ਤੇ ਦਾੜ੍ਹੀ ਰੱਖੀ ਹੋਈ ਏ।

ਵਿਜੈ ਸਿੰਘ : ਜੀ।

ਤਿੰਨ : ਫੇਰ ਤੂੰ ਅਗਲੀ ਦੁਕਾਨ 'ਤੇ ਜਾ।

ਵਿਜੈ ਸਿੰਘ : ਜੀ ਮੇਰੇ ਕੋਲ ਡਿਗਰੀ ਏ।

ਤਿੰਨ : ਇਸ ਦੀ ਕਲਗੀ ਬਣਾ ਲੈ।

ਵਿਜੈ ਸਿੰਘ : ਕਲਗੀ ?

ਤਿੰਨ : ਸਿਰ 'ਤੇ ਲਗਾ ਕੇ ਸੜਕਾਂ 'ਤੇ ਫਿਰਿਆ ਕਰ, ਸੁਹਣਾ ਲੱਗੇਗਾ–ਹਾ–ਹਾ–ਹਾ।

*(ਵਿਜੈ ਸਿੰਘ ਬੇਬਸ ਜਿਹਾ ਹੋ ਕੇ ਖੜਾ ਹੈ–ਤੂਤੀ ਵਾਲਾ ਤੂਤੀ ਵਜਾਉਂਦਾ ਹੈ)*

ਤੂਤੀ ਵਾਲਾ : ਤੇ ਫਿਰ ਕੱਢ ਦਿਓ, ਇਹਨਾਂ ਕੁਰਸੀਆਂ ਦੇ ਮਾਲਕਾਂ ਦਾ ਜਲੂਸ–'ਕੁਰਸੀ ਦੇ ਮਾਲਕ' 'ਹਾਏ ਹਾਏ'–'ਕੁਰਸੀ ਦੇ ਮਾਲਕ' 'ਹਾਏ ਹਾਏ'

*(ਨਾਅਰੇ ਲਗਦੇ ਹਨ–ਤਿੰਨੇ ਕੁਰਸੀਆਂ ਚੁੱਕ ਕੇ ਬਾਹਰ ਜਾਂਦੇ ਹਨ।)*

ਵਿਜੈ ਸਿੰਘ : ਤੇ ਮੈਂ ਸੜਕਾਂ 'ਤੇ ਰੁਲਣ ਲੱਗਾ, ਹੈਰਾਨ ਪਰੇਸ਼ਾਨ ਮੰਦੇ ਹਾਲ ਅਖ਼ਬਾਰਾਂ ਵਿਚ ਮੈਂ ਨੌਕਰੀਆਂ ਦੇ ਇਸ਼ਤਿਹਾਰ ਪੜ੍ਹਦਾ, ਇੰਟਰਵਿਊ 'ਤੇ ਜਾਂਦਾ ਤੇ ਮਾਯੂਸ ਹੋ ਕੇ ਵਾਪਸ ਆ ਜਾਂਦਾ–ਮੇਰੀ ਮਾਯੂਸੀ ਏਨੀ ਵਧ ਗਈ ਕਿ ਇੰਟਰਵਿਊ 'ਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਮੈਂ ਊਟ–ਪਟਾਂਗ ਦੇਂਦਾ–ਸਹੀ ਜਵਾਬ ਦੇਣ 'ਤੇ ਕਿਹੜੀ ਨੌਕਰੀ ਮਿਲ ਜਾਂਦੀ ਏ–ਕਿਉਂ ਨਾ ਇਹਨਾਂ ਲੋਕਾਂ ਨਾਲ ਦੋ ਗੱਲਾਂ ਸਿੱਧੀਆਂ ਕਰਾਂ, ਜੋ ਮੇਰੀ ਤਕਦੀਰ ਦੇ ਮਾਲਕ ਬਣ ਹੋਏ ਨੇ–

*(ਤੂਤੀ ਵਾਲਾ ਤੂਤੀ ਵਜਾਉਂਦਾ ਤੇ ਤਿੰਨ ਕੁਰਸੀਆਂ ਇੰਟਰਵਿਊ ਬੋਰਡ ਵਾਸਤੇ ਜੋੜਦਾ ਹੈ।)*

ਤੂਤੀ ਵਾਲਾ : ਤੇ ਪਧਾਰ ਰਿਹਾ ਹੈ ਇੰਟਰਵਿਊ ਬੋਰਡ–ਇਹ ਚੇਅਰਮੈਨ ਸਾਹਿਬ ਨੇ–ਇਹ ਅਹੁਦਾ ਇਹਨਾਂ ਨੂੰ ਤਾਂ ਮਿਲਿਆ ਹੈ ਕਿ ਇਹ ਹਕੂਮਤੀ ਪਾਰਟੀ ਦੇ ਸਰਕਰਦਾ ਹਨ–ਇਹ ਅਹੁਦਾ ਇਹਨਾਂ ਨੂੰ ਤਾਂ ਦਿੱਤਾ ਗਿਆ ਹੈ ਕਿ ਜੇਕਰ ਇਹ ਬਾਹਰ ਰਹਿੰਦੇ ਤਾਂ ਦਲਬਦਲੂ ਫ਼ੌਜ ਵਿਚ ਸ਼ਾਮਲ ਹੋ ਕੇ ਕਿਸੇ ਵੇਲੇ ਹਕੂਮਤ ਦਾ ਤਖ਼ਤਾ ਉਲਟਾ ਸਕਦੇ ਸਨ, ਇਸ ਲਈ ਇਹਨਾਂ ਨੂੰ ਇਸ ਅਹੁਦੇ 'ਤੇ ਬਿਠਾ ਕੇ ਪਰਚਾਇਆ ਗਿਆ ਏ–ਦੂਜੇ ਮੈਂਬਰ ਵੀ ਕਿਸੇ ਦੇ ਲੱਗਦੇ ਲਗਾਉਂਦੇ ਹਨ–ਇਹ ਸਭ ਖਾਂਦੇ–ਪੀਂਦੇ ਘਰਾਣਿਆਂ ਦੇ ਹਨ–ਬੇਰੁਜ਼ਗਾਰੀ ਨਾਂ ਦੀ ਚੀਜ਼ ਦਾ

ਇਹਨਾਂ ਨੂੰ ਕੋਈ ਤਜਰਬਾ ਨਹੀਂ, ਇਸ ਲਈ ਇੰਟਰਵਿਊ ਬੋਰਡ ਇਹਨਾਂ ਲਈ ਇਕ ਸ਼ੁਗਲ ਹੈ।

*(ਬੋਰਡ ਦਾ ਚੇਅਰਮੈਨ ਘੰਟੀ ਵਜਾਉਂਦਾ ਹੈ ਤੇ ਵਿਜੈ ਸਿੰਘ ਆਉਂਦਾ ਹੈ)*

ਇਕ : ਤੇਰਾ ਨਾਂ ?

ਵਿਜੈ ਸਿੰਘ : ਵਿਜੈ ਸਿੰਘ।

ਦੋ : ਬੜਾ ਵਧੀਆ ਨਾਂ ਏ।

ਵਿਜੈ ਸਿੰਘ : ਜੇ ਤੁਹਾਨੂੰ ਚੰਗਾ ਲਗਦਾ ਏ, ਤੁਸੀਂ ਰੱਖ ਲਵੋ।

*(ਦੋ ਦੀ ਇਸ ਤਰ੍ਹਾਂ ਭੰਡੀ ਹੁੰਦੀ ਵੇਖ ਕੇ ਇਕ ਤੇ ਤਿੰਨ ਮੁਸਕਰਾਉਂਦੇ ਹਨ।)*

ਤਿੰਨ : ਵਿਜੈ ਸਿੰਘ, ਤੂੰ ਕਿਹੜੀ ਜੰਗ ਵਿਚ ਵਿਜੈ ਪਾਈ ਏ ?

ਵਿਜੈ ਸਿੰਘ : ਹਾਲੀ ਤੱਕ ਤਾਂ ਕੋਈ ਜੰਗ ਲੜਨ ਦਾ ਮੌਕਾ ਨਹੀਂ ਮਿਲ ਸਕਿਆ।

ਦੋ : ਜੇ ਮੌਕਾ ਮਿਲੇ ?

ਵਿਜੈ ਸਿੰਘ : ਤੇ ਮੈਂ ਕੁਰਸੀਆਂ 'ਤੇ ਬੈਠਿਆਂ ਸਾਰਿਆਂ ਦੀਆਂ ਧੌਣਾਂ ਲਾਹ ਦੇਵਾਂ।

*(ਤੂਤੀ ਵਾਲੇ ਦੀ ਤੂਤੀ)*

ਇਕ : ਤੇਰੀ ਕਵਾਲੀਫੀਕੇਸ਼ਨ ?

ਵਿਜੈ ਸਿੰਘ : ਅਰਜ਼ੀ ਦੇ ਨਾਲ ਸਭ ਲਿਖੀ ਹੋਈ ਏ।

ਦੋ : ਤੈਨੂੰ ਡਿਗਰੀ ਮਿਲਿਆਂ ਚਾਰ ਸਾਲ ਹੋ ਗਏ ਨੇ ?

ਵਿਜੈ ਸਿੰਘ : ਜੀ।

ਤਿੰਨ : ਚਾਰ ਸਾਲ ਤੂੰ ਕੀ ਕਰਦਾ ਰਿਹਾ ਏਂ ?

ਵਿਜੈ ਸਿੰਘ : ਜੀ ਹਵਾਈ ਜਹਾਜ਼ ਉਡਾਉਂਦਾ ਰਿਹਾ ਹਾਂ।

ਤਿੰਨ ਇਕੱਠੇ : ਹਵਾਈ ਜਹਾਜ਼ ?

ਵਿਜੈ ਸਿੰਘ : ਮੀਂਹ ਦੇ ਪਾਣੀਆਂ ਵਿਚ ਬੇੜੀਆਂ ਰੋੜ੍ਹਦਾ ਰਿਹਾ ਹਾਂ।

ਤਿੰਨੇ ਇਕੱਠੇ : ਬੇੜੀਆਂ ?

ਵਿਜੈ ਸਿੰਘ : ਕਲਗੀ ਲਗਾ ਕੇ ਸੜਕਾਂ 'ਤੇ ਘੁੰਮਦਾ ਰਿਹਾ ਹਾਂ।

ਤਿੰਨੇ ਇਕੱਠੇ : ਕਲਗੀ ?

ਵਿਜੈ ਸਿੰਘ : ਦਰਅਸਲ ਜਦੋਂ ਮੈਂ ਪਹਿਲੀ ਨੌਕਰੀ ਦੀ ਤਲਾਸ਼ ਵਿਚ ਗਿਆ ਤਾਂ ਮੈਨੂੰ ਕਿਹਾ ਗਿਆ ਕਿ ਮੈਂ ਡਿਗਰੀ ਦੇ ਕਾਗ਼ਜ਼ ਦਾ ਹਵਾਈ ਜਹਾਜ਼ ਬਣਾ ਲਵਾਂ, ਦੂਸਰੀ ਨੌਕਰੀ ਲਈ ਗਿਆ ਤਾਂ ਕਿਹਾ ਗਿਆ ਕਿ ਮੈਂ ਆਪਣੀ ਡਿਗਰੀ ਦੇ ਕਾਗਜ਼ ਦੀ ਬੇੜੀ ਬਣਾ ਕੇ ਮੀਂਹ ਦੇ ਪਾਣੀ ਵਿਚ ਤਮਾਸ਼ਾ ਵੇਖਿਆ ਕਰਾਂ–ਤੀਸਰੀ ਥਾਂ 'ਤੇ ਗਿਆ ਕਿ ਇਹਦੀ

ਕਲਗੀ ਬਣਾ ਕੇ ਸਿਰ 'ਤ ਲਾ ਲਵਾਂ।

ਇਕ : ਬੜੀ ਅਜੀਬ ਗੱਲ ਏ।

ਦੋ : ਕਾਫ਼ੀ ਦਿਲਚਸਪ ਏ।

ਤਿੰਨ : ਕਵਾਈਟ ਇੰਟਰੈਸਟਿੰਗ ?

ਵਿਜੈ ਸਿੰਘ : ਹਾਂ ਜੀ ਬਹੁਤ ਹੀ ਦਿਲਚਸਪ ਗੱਲ ਏ, ਬਾਈ ਦੀ ਵੇ ਤੁਸੀਂ ਕਦੀ ਹਵਾਈ ਜਹਾਜ਼ ਉਡਾਇਆ ਏ, ਮੀਂਹ ਪੈਣ 'ਤੇ ਬੇੜੀ ਰੋੜ੍ਹ ਕੇ ਤਮਾਸ਼ਾ ਵੇਖਿਆ ਏ, ਕਲਗੀ ਲਾ ਕੇ ਸੜਕਾਂ 'ਤੇ ਗਸ਼ਤ ਕੀਤੀ ਏ, ਨਹੀਂ ਕੀਤੀ ਹੋਣੀ, ਸਭ ਕੁਝ ਕਰਕੇ ਵੇਖੋ ਬੜੀ ਅਜੀਬ ਗੱਲ ਏ, ਬੜੀ ਗੱਲ ਦਿਲਚਸਪ ਏ, ਮੋਰ ਓਵਰ ਇਟ ਇਜ਼ ਕਵਾਈਟ ਇੰਟਰਐਸਟਿੰਗ।

*(ਤੂਤੀ ਵਾਲੇ ਦੀ ਤੂਤੀ)*

ਇਕ : ਕੀ ਤੂੰ ਜਾਣਦਾ ਏ ਯੂਥਾਂਟ ਕੌਣ ਸੀ ?

ਵਿਜੈ ਸਿੰਘ : ਯੂਥਾਂਟ ਚਾਰ ਨੇ–ਇਕ ਕਬੱਡੀ ਦਾ ਪਲੇਅਰ ਸੀ, ਇਕ ਮਾਂਡਲੇ ਦਾ ਮੇਅਰ ਸੀ, ਇਕ ਲੀਡਰ ਸੀ, ਇਕ ਪਲੀਡਰ ਸੀ, ਤੁਸੀਂ ਕਿਸ ਦੀ ਗੱਲ ਕਰ ਰਹੇ ਹੋ ?

ਦੋ : ਜਿਹੜਾ ਯੂ.ਐਨ.ਓ. ਦਾ ਸਕੱਤਰ ਸੀ।

ਵਿਜੈ ਸਿੰਘ : ਕਿਸੇ ਵੇਲੇ ਜਾਣਦਾ ਸਾਂ, ਪਰ ਹੁਣ ਨਹੀਂ ਜਾਣਦਾ।

ਤਿੰਨ : ਕੀ ਮਤਲਬ ?

ਵਿਜੈ ਸਿੰਘ : ਜਦੋਂ ਮੈਂ ਨਵੀਂ ਡਿਗਰੀ ਲਈ ਸੀ, ਉਦੋਂ ਮੇਰੇ ਦਿਲ ਵਿਚ ਉਮੰਗ ਸੀ ਜ਼ਿੰਦਗੀ ਲਈ ਉਮੀਦ ਸੀ ਤਾਂ ਮੈਂ ਬਹੁਤ ਸਾਰੇ ਲੋਕਾਂ ਨੂੰ ਜਾਣਦਾ ਸੀ, ਮੈਂ ਜਵਾਹਰ ਲਾਲ ਨਹਿਰੂ ਨੂੰ ਜਾਣਦਾ ਸਾਂ, ਇੰਦਰਾ ਗਾਂਧੀ ਨੂੰ ਜਾਣਦਾ ਸੀ, ਮੁਰਾਰ ਜੀ ਡਿਸਾਈ ਨੂੰ ਜਾਣਦਾ ਸੀ, ਪਰ ਹੁਣ ਮੈਂ ਕਿਸੇ ਨੂੰ ਨਹੀਂ ਜਾਣਦਾ। ਬਾਈ ਦੀ ਵੇ, ਯੂਥਾਂਟ ਜਾਣਦਾ ਏ ਕਿ ਵਿਜੈ ਸਿੰਘ ਕੌਣ ਏ ?

ਇਕ : ਨਹੀਂ।

ਦੋ : ਉਹ ਕਿਸ ਤਰ੍ਹਾਂ ਜਾਣ ਸਕਦਾ ਏ ?

ਤਿੰਨ : ਉਹਨੂੰ ਕੀ ਲੋੜ ਪਈ ਏ, ਇਹ ਸਭ ਕੁਝ ਜਾਣੇ।

ਵਿਜੈ ਸਿੰਘ : ਇਹ ਗੱਲ ਹੋਈ ਨਾ–ਜੇ ਯੂਥਾਂਟ ਨੂੰ ਲੋੜ ਨਹੀਂ ਕਿ ਵਿਜੈ ਸਿੰਘ ਨੂੰ ਜਾਣੇ ਤਾਂ ਵਿਜੈ ਸਿੰਘ ਨੂੰ ਕੀ ਲੋੜ ਪਈ ਏ ਕਿ ਉਹ ਯੂਥਾਂਟ ਨੂੰ ਜਾਣੇ।

*(ਤੂਤੀ ਵਾਲੇ ਦੀ ਤੂਤੀ)*

ਹਾਂ ਜੇਕਰ ਇੰਦਰਾ ਗਾਂਧੀ ਨੂੰ ਇਹ ਨਹੀਂ ਪਤਾ ਕਿ ਵਿਜੈ ਸਿੰਘ ਨਾਂ

ਦਾ ਕੋਈ ਨੌਜਵਾਨ ਹੈ, ਜਿਸ ਨੂੰ ਡਿਗਰੀ ਲਿਆਂ ਚਾਰ ਸਾਲ ਹੋ ਗਏ ਨੇ ਤਾਂ ਵਿਜੈ ਸਿੰਘ ਨੂੰ ਕੀ ਪਿਆ ਏ ਕਿ ਉਹ ਆਪਣੇ ਦਿਮਾਗ਼ 'ਤੇ ਇਸ ਗੱਲ ਦਾ ਭਾਰ ਪਾਏ ਕਿ ਇੰਦਰਾ ਗਾਂਧੀ ਕੌਣ ਏ–

ਤਿੰਨੇ ਇਕੱਠੇ : ਪਰ ਅਸੀਂ ਯੂਥਾਂਟ ਦੀ ਗੱਲ ਕਰ ਰਹੇ ਹਾਂ–

ਵਿਜੈ ਸਿੰਘ : ਮੈਂ ਗੱਲ ਵਿਜੈ ਸਿੰਘ ਦੀ ਕਰ ਰਿਹਾ ਹਾਂ–

ਇਕ–ਦੋ–ਤਿੰਨ : (ਇਕੱਠੇ) ਤੂੰ ਜਾਹ ਜਹੰਨਮ ਵਿਚ

*(ਤਿੰਨੇ ਕੁਰਸੀਆਂ ਤੋਂ ਉੱਠ ਜਾਂਦੇ ਹਨ)*

ਵਿਜੈ ਸਿੰਘ : ਮੈਂ ਅੱਗੇ ਕਿਹੜਾ ਸਵਰਗ ਦੇ ਝੂਟੇ ਲੈ ਰਿਹਾ ਹਾਂ।

*(ਤਿੰਨੇ ਬਾਹਰ ਜਾਂਦੇ ਹਨ)*

ਤੂਤੀ ਵਾਲਾ : ਇੰਟਰਵਿਊ ਦਾ ਵਾਜਾ ਵੱਜ ਗਿਆ।
ਬੋਰਡ ਉੱਠ ਕੇ ਭੱਜ ਗਿਆ।
ਤੂਤੀ ਵਾਲਾ ਬੋਲ ਗਿਆ।
ਸਾਰਾ ਪੋਲ ਖੋਲ੍ਹ ਗਿਆ।

ਵਿਜੈ ਸਿੰਘ : ਤੇ ਜਿਉਂ ਜਿਉਂ ਵਕਤ ਲੰਘਦਾ ਗਿਆ, ਮੈਂ ਇਕ ਅੱਗ ਵਿਚ ਸੜਨ ਲਗ ਪਿਆ, ਆਪਣੇ ਹੀ ਗੁੱਸੇ ਦੀ ਅੱਗ ਵਿਚ ਪਰ ਕੋਈ ਨਹੀਂ ਸੀ ਜੋ ਮੇਰੇ ਵੱਲ ਧਿਆਨ ਦੇਂਦਾ, ਸਭ ਆਪਣੀ–ਆਪਣੀ ਤੂਤੀ ਵਜਾ ਰਹੇ ਸਨ। ਰੋਜ਼ ਨਵੀਂ ਤੋਂ ਨਵੀਂ ਖ਼ਬਰ ਆਉਂਦੀ–ਕਦੀ ਦੋ ਫ਼ਕੀਰ ਲੜ ਪਏ, ਕਦੀ ਦੋ ਮਜ਼ਹਬ ਲੜ ਪਏ।

ਤੂਤੀ ਵਾਲਾ : ਸੁਣੋ–ਸੁਣੋ, ਸੁਣੋ–ਲੜਾਈ ਹੋ ਗਈ, ਫਸਾਦ ਹੋ ਗਿਆ, ਦੰਗਾ ਹੋ ਗਿਆ, ਰੱਬ ਚੁਰਾਹੇ ਵਿਚ ਨੰਗਾ ਹੋ ਗਿਆ–ਗੁਰੂ ਕਿਹੜਾ ਵੱਡਾ, ਅਵਤਾਰ ਕਿਹੜਾ ਵੱਡਾ, ਸਭ ਗੋਰਖ ਧੰਦਾ ਹੋ ਗਿਆ–ਲੜਾਈ ਹੋ ਗਈ–ਫਸਾਦ ਹੋ ਗਿਆ, ਦੰਗਾ ਹੋ ਗਿਆ, ਰੱਬ ਚੁਰਾਹੇ ਵਿਚ ਨੰਗਾ ਹੋ ਗਿਆ।

*(ਤਿੰਨੇ ਲੜਦੇ ਆਉਂਦੇ ਹਨ)*

ਇਕ : ਸਾਡਾ ਗੁਰੂ ਅਵਤਾਰ ਏ।

ਦੋ : ਸਾਡਾ ਗੁਰੂ ਅਵਤਾਰਾਂ ਦਾ ਅਵਤਾਰ ਏ।

ਤਿੰਨ : ਸਾਡਾ ਗੁਰੂ ਅਵਤਾਰਾਂ ਦੇ ਅਵਤਾਰਾਂ ਦਾ ਅਵਤਾਰ ਏ।

ਇਕ : ਤੂੰ ਸਾਡੇ ਗੁਰੂ ਦੀ ਹੇਠੀ ਕਰਦਾ ਏਂ ?

ਦੋ : ਤੂੰ ਸਾਡੇ ਗੁਰੂ ਦੀ ਬਿਜ਼ਤੀ ਕਰਦਾ ਏਂ ?

ਤਿੰਨ : ਤੂੰ ਸਾਡੇ ਗੁਰੂ ਦੀ ਖਿੱਲੀ ਉਡਾਉਂਦਾ ਏਂ ?

ਇਕ : ਮਾਰ ਦੂੰਗਾ।

ਦੋ : ਧੌਣ ਲਾਹ ਦੂੰਗਾ।

ਤਿੰਨ : ਦੰਦ ਭੰਨ ਦੂੰਗਾ।

ਇਕ : ਆ ਮਾਰ ਕੇ ਤੇ ਵੇਖ।

ਦੋ : ਤੂੰ ਧੌਣ ਲਾਹ ਕੇ ਤਾਂ ਵੇਖ।

ਤਿੰਨ : ਦੰਦ ਭੰਨ ਕੇ ਤਾਂ ਵੇਖ।

*(ਲੜਦੇ ਹਨ, ਤੂਤੀ ਵਾਲਾ ਤੂਤੀ ਵਜਾਉਂਦਾ ਹੈ, ਲੜਾਈ ਤੇਜ਼ ਹੁੰਦੀ ਹੈ, ਤੂਤੀ ਵੀ ਤੇਜ਼ ਹੁੰਦੀ ਹੈ–ਤੇ ਲੰਮੀ ਤੂਤੀ ਨਾਲ ਲੜਾਈ ਰੋਕਦਾ ਹੈ)*

ਵਿਜੈ ਸਿੰਘ : (ਇਕ ਪਾਸਿਉਂ ਆਉਂਦਾ ਹੋਇਆ) ਓਏ ਅਵਤਾਰਾਂ ਦੇ ਨਾਂ 'ਤੇ ਲੜਨ ਵਾਲਿਓ–ਜਾਂਬਾਜ਼ ਸੂਰਮਿਓ, ਬਹਾਦਰੋ, ਇਹ ਦੱਸੋ ਮੇਰਾ ਕੀ ਬਣੇਗਾ?

ਤਿੰਨੇ ਇਕੱਠੇ : ਤੇਰਾ?

ਵਿਜੈ ਸਿੰਘ : ਮੈਂ ਵਿਜੈ ਸਿੰਘ, ਜਿਸ ਕੋਲ ਭਾਰਤੀ ਯੂਨੀਵਰਸਿਟੀ ਦੀ ਡਿਗਰੀ ਏ। ਜਿਹੜਾ ਚਾਰ ਸਾਲ ਤੋਂ ਬੇਕਾਰ ਏ, ਜਿਸ ਦੇ ਹੱਥਾਂ ਨੂੰ ਘੁਣ ਲੱਗ ਗਿਆ ਏ, ਪੈਰਾਂ ਨੂੰ ਸਿਉਂਕ ਖਾ ਗਈ ਏ, ਦਿਮਾਗ ਨੂੰ ਉੱਲੀ ਲੱਗ ਗਈ ਏ।

ਇਕ : ਓਏ ਚੁੱਪ ਕਰ ਜਾ।

ਦੋ : ਸਿਰ ਨਾ ਖਾਹ।

ਤਿੰਨ : ਬਕਵਾਸ ਨਾ ਕਰ।

ਤਿੰਨੇ ਇਕੱਠੇ : ਇਥੇ ਅਵਤਾਰਾਂ ਦੀ ਗੜਬੜ ਹੋ ਗਈ ਏ, ਇਹ ਡਿਗਰੀ ਲਈ ਫਿਰਦਾ ਏਂ।

*(ਤਿੰਨੇ ਫੇਰ ਲੜਦੇ ਹੋਏ ਵਾਪਸ ਜਾਂਦੇ ਹਨ)*

ਤੂਤੀ ਵਾਲਾ : (ਤੂਤੀ ਵਜਾ ਕੇ) ਲੜਾਈ ਹੋ ਗਈ, ਫਸਾਦ ਹੋ ਗਿਆ, ਦੰਗਾ ਹੋ ਗਿਆ, ਰੱਬ ਚੁਰਾਹੇ ਵਿਚ ਨੰਗਾ ਹੋ ਗਿਆ–ਗੁਰੂ ਕਿਹੜਾ ਵੱਡਾ, ਅਵਤਾਰ ਕਿਹੜਾ ਵੱਡਾ, ਸਭ ਗੋਰਖ ਧੰਦਾ ਹੋ ਗਿਆ, ਰੱਬ ਚੁਰਾਹੇ ਵਿਚ ਨੰਗਾ ਹੋ ਗਿਆ।

ਵਿਜੈ ਸਿੰਘ : ਹਾਂ ਸਭ ਗੋਰਖ ਧੰਦਾ ਹੋ ਗਿਆ, ਮੈਂ ਕਿਹੜੇ ਰੱਬ ਦਾ ਲੜ ਫੜਾਂ–ਸਾਰੇ ਰੱਬ ਵੱਡੇ ਹੋ ਗਏ, ਸਾਰੇ ਰੱਬ ਨੰਗੇ ਹੋ ਗਏ–ਮੈਂ ਕੀ ਕਰਾਂ, ਮੇਰੇ ਹੱਥ ਸਿਉਂਕੇ ਗਏ ਨੇ, ਮੇਰੇ ਪੈਰ ਸਿਉਂਕੇ ਗਏ ਨੇ, ਮੇਰਾ ਦਿਮਾਗ਼ ਸਿਉਂਕਿਆ ਗਿਆ ਏ–

ਤੂਤੀ ਵਾਲਾ : ਵਿਜੈ ਸਿੰਘ, ਸਿਉਂਕ ਦਾ ਇਕੋ ਇਲਾਜ ਏ ਕਿ ਉਹ ਥਾਂ ਫੂਕ ਦੇਵੋ, ਜਿਥੋਂ ਇਹ ਜਨਮ ਲੈਂਦੀ ਏ–

ਵਿਜੈ ਸਿੰਘ : ਫੂਕ ਦੇਵਾਂ ?

ਤੂਤੀ ਵਾਲਾ : ਹਾਂ।

*(ਤੂਤੀ ਵਾਲਾ ਲੰਮੀ ਤੂਤੀ ਵਜਾਉਂਦਾ ਹੈ। ਵਿਜੈ ਸਿੰਘ ਦੇ ਚਿਹਰੇ 'ਤੇ ਰੋਹ ਭਰਿਆ ਪ੍ਰਭਾਵ ਆਉਂਦਾ ਹੈ)*

ਵਿਜੈ ਸਿੰਘ : ਹਾਂ ਸਿਉਂਕ ਦਾ ਇਕ ਇਲਾਜ–ਅੱਗ–ਅੱਗ–ਅੱਗ

*(ਅੱਗ, ਅੱਗ ਦੀ ਅਵਾਜ਼ ਸਾਰੇ ਪਾਸੇ ਤੋਂ ਉੱਚੀ ਹੋਣੀ ਸ਼ੁਰੂ ਹੋ ਜਾਂਦੀ ਹੈ–ਤਿੰਨੇ ਪਾਤਰ ਮੰਚ 'ਤੇ ਆਉਂਦੇ ਹਨ, ਜਿਸ ਤਰ੍ਹਾਂ ਉਨ੍ਹਾਂ ਦੇ ਕੱਪੜਿਆਂ ਨੂੰ ਅੱਗ ਲੱਗੀ ਹੋਵੇ–ਉਹ ਟੱਪਦੇ ਹਨ, ਤੂਤੀ ਵਾਲਾ ਤੂਤੀ ਵਜਾਈ ਜਾਂਦਾ ਏ–ਤਿੰਨੇ ਟੱਪਦੇ–ਟੱਪਦੇ ਡਿੱਗਦੇ ਹਨ।)*

ਵਿਜੈ ਸਿੰਘ : ਸਿਉਂਕ ਦਾ ਇਕੋ ਇਲਾਜ–ਅੱਗ, ਅੱਗ...

*(ਲੰਮੀ ਤੂਤੀ ਵਜਦੀ ਹੈ ਅਤੇ ਨਾਟਕ ਸਮਾਪਤ ਹੁੰਦਾ ਹੈ।)*